

# ਕੀ ਤੁਸੀਂ
# ਯੌਨ ਉਤਪੀੜਨ (sexual harassment) ਦੇ ਸ਼ਿਕਾਰ ਹੋ?

## ਆਪਣੇ ਹੱਕ ਜਾਣੋ।

ਸਕੂਲ ਦੇ ਕਿਸੇ ਵੀ ਪ੍ਰੋਗਰਾਮ ਜਾਂ ਗਤੀਵਿਧੀ ਵਿਚ, ਭਾਵੇਂ ਉਹ ਸਕੂਲ ਦੇ ਕੈਂਪਸ ਵਿਚ ਹੋਵੇ, ਸਕੂਲ ਬੱਸ ਵਿਚ ਹੋਵੇ ਜਾਂ ਸਕੂਲ ਦੇ ਕੈਂਪਸ ਤੋਂ ਬਾਹਰ, ਜਿਵੇਂ ਸਕੂਲ ਵਲੋਂ ਪ੍ਰਬੰਧਤ ਕਿਸੇ ਫੀਲਡ ਟ੍ਰਿਪ ਦੇ ਦੌਰਾਨ, ਹੋਵੇ, ਵਿਦਿਆਰਥੀ ਅਤੇ ਸਟਾਫ ਕਿਸੇ ਵੀ ਵਿਅਕਤੀ ਦੁਆਰਾ ਯੌਨ ਉਤਪੀੜਨ (sexual harassment) ਤੋਂ ਸੁਰੱਖਿਅਤ ਹਨ।

## ਯੌਨ ਉਤਪੀੜਨ ਕੀ ਹੈ?

ਯੌਨ ਉਤਪੀੜਨ ਕੋਈ ਵੀ ਅਜਿਹਾ ਅਣਚਾਹਿਆ ਵਿਉਹਾਰ ਜਾਂ ਸੁਨੇਹਾ ਹੈ ਜੋ ਜਿਨਸੀ ਕਿਸਮ ਦਾ ਹੋਵੇ ਅਤੇ ਜਦ:

- ਕਿਸੇ ਵਿਦਿਆਰਥੀ ਜਾਂ ਕਰਮਚਾਰੀ ਨੂੰ ਇਹ ਵਿਸ਼ਵਾਸ ਦਿਵਾਇਆ ਜਾਏ ਕਿ ਗ੍ਰੇਡ, ਤਰੱਕੀ, ਖੇਡਾਂ ਵਾਲੀ ਕਿਸੇ ਟੀਮ ਵਿਚ ਥਾਂ ਜਾਂ ਕਿਸੇ ਵਿੱਦਿਅਕ ਜਾਂ ਰੁਜ਼ਗਾਰ ਸਬੰਧਤ ਫੈਸਲੇ ਵਰਗੀ ਕਿਸੇ ਵੀ ਚੀਜ਼ ਦੀ ਪ੍ਰਾਪਤੀ ਲਈ ਉਸਨੂੰ ਕਿਸੇ ਅਣਚਾਹੇ ਵਿਉਹਾਰ ਜਾਂ ਸੁਨੇਹੇ ਦੀ ਮੰਗ ਨੂੰ ਪੂਰਾ ਕਰਨਾ ਪਵੇਗਾ, ਜਾਂ
- ਇਹ ਵਤੀਰਾ ਕਿਸੇ ਵਿਦਿਆਰਥੀ ਦੀ ਵਿੱਦਿਅਕ ਕਾਰਗੁਜ਼ਾਰੀ ਵਿਚ ਕਾਫੀ ਦਖਲਅੰਦਾਜ਼ੀ ਕਰਦਾ ਹੈ ਜਾਂ ਪੜ੍ਹਾਈ ਜਾਂ ਨੌਕਰੀ ਦੇ ਵਾਤਾਵਰਨ ਵਿਚ ਡਰ ਜਾਂ ਵੈਰਭਾਵ ਪੈਦਾ ਕਰਦਾ ਹੈ।

## ਯੌਨ ਉਤਪੀੜਨ ਦੀ ਸੂਚਨਾ ਮੈਂ ਕਿਵੇਂ ਦੇਵਾਂ?

ਯੌਨ ਉਤਪੀੜਨ ਦੀ ਸੂਚਨਾ ਤੁਸੀਂ ਸਕੂਲ ਦੇ ਕਿਸੇ ਵੀ ਸਟਾਫ ਮੈਂਬਰ ਜਾਂ ਡਿਸਟ੍ਰਿਕਟ ਦੇ ਟਾਈਟਲ IX ਅਧਿਕਾਰੀ ਨੂੰ ਦੇ ਸਕਦੇ ਹੋ:

*ਆਪਣੇ ਡਿਸਟ੍ਰਿਕਟ ਦੀ ਯੌਨ ਉਤਪੀੜਨ ਸਬੰਧਤ ਨੀਤੀ ਅਤੇ ਪ੍ਰਕਿਰਿਆ ਦੀ ਕਾਪੀ ਪ੍ਰਾਪਤ ਕਰਨ ਲਈ ਆਪਣੇ ਸਕੂਲ ਜਾਂ ਡਿਸਟ੍ਰਿਕਟ ਆਫਿਸ ਨਾਲ ਸੰਪਰਕ ਕਰੋ।*

## ਯੌਨ ਉਤਪੀੜਨ ਦੀਆਂ ਉਦਾਹਰਨਾਂ:

- ਜਿਨਸੀ ਮਿਹਰਬਾਨੀਆਂ ਲਈ ਕਿਸੇ ਵਿਅਕਤੀ ਤੇ ਦਬਾਅ ਪਾਉਣਾ
- ਜਿਨਸੀ ਕਿਸਮ ਦੀ ਅਣਚਾਹੀ ਛੋਹ
- ਦੀਵਾਰਾਂ ਤੇ ਜਿਨਸੀ ਕਿਸਮ ਦੀਆਂ ਗੱਲਾਂ ਲਿਖਣਾ
- ਜਿਨਸੀ ਤੌਰ ਤੇ ਸਪਸ਼ਟ ਲਿਖਤਾਂ, ਈ-ਮੇਲਾਂ ਜਾਂ ਤਸਵੀਰਾਂ ਭੇਜਣਾ ਜਾਂ ਦੇਣਾ
- ਜਿਨਸੀ ਚੁਟਕਲੇ, ਅਫਵਾਹਾਂ ਜਾਂ ਅਸ਼ਲੀਲ ਫਿਕਰੇ ਕਸਣੇ
- ਬਲਾਤਕਾਰ ਅਤੇ ਸਰੀਰਕ ਹਮਲੇ ਸਮੇਤ ਜਿਨਸੀ ਹਿੰਸਾ

**OSPI Equity and Civil Rights Office**
360.725.6162
equity@k12.wa.us
www.k12.wa.us/equity

OSPI ਅਤੇ ਸਕੂਲ ਡਿਸਟ੍ਰਿਕਟਾਂ ਲਿੰਗ, ਨਸਲ, ਰੰਗ, ਮਤ, ਧਰਮ, ਮੂਲ ਦੇਸ਼, ਉਮਰ, ਅਸਮਰਥਤਤਾ, ਵਿਵਾਹਕ ਦਰਜੇ, ਲਿੰਗ ਪਛਾਣ ਅਤੇ ਅਭਿਵਿਅਕਤੀ, ਵੈਟਰਨ ਜਾਂ ਫੌਜੀ ਸਥਿਤੀ ਜਾਂ ਕਿਸੇ ਅਸਮਰੱਥਤਾ ਪੀੜਤ ਵਿਅਕਤੀ ਵਲੋਂ ਕਿਸੇ ਸੇਵਾ ਕਰਨ ਵਾਲੇ ਜਾਨਵਰ ਦੀ ਵਰਤੋਂ ਕਰਨ ਦੇ ਆਧਾਰ ਤੇ ਕਿਸੇ ਵੀ ਵਿਅਕਤੀ ਨਾਲ ਵਿਤਕਰਾ ਨਹੀਂ ਕਰ ਸਕਦੇ ਅਤੇ ਉਹਨਾਂ ਲਈ ਸਾਰੇ ਮਨੋਨੀਤ ਯੁਵਾ ਸਮੂਹਾਂ ਲਈ ਇੱਕੋ ਜਿਹੀ ਪਹੁੰਚ ਮੁਹੱਈਆ ਕਰਾਉਣੀ ਲਾਜ਼ਮੀ ਹੈ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਜਾਂ ਸ਼ਿਕਾਇਤਾਂ ਹਨ ਤਾਂ ਕਿਰਪਾ ਕਰਕੇ ਆਪਣੇ ਸਕੂਲ ਡਿਸਟ੍ਰਿਕਟ ਜਾਂ OSPI ਦੇ Equity and Civil Rights Office ਨਾਲ P.O. Box 47200, Olympia, WA 98504 ਦੇ ਪਤੇ ਤੇ ਜਾਂ (360) 725-6162 ਨੰਬਰ ਤੇ ਸੰਪਰਕ ਕਰੋ।

PUNJABI